# ਮਿਤੀ 12-12-2022 ਨੂੰ ਦਰਜ ਹੋਏ ਮੁਕੱਦਮੇ

| ਲੜੀ ਨੰ | ਮੁਕੱਦਮਾ ਨੰ: ਮਿਤੀ ਜੁਰਮ ਅਤੇ ਥਾਣਾ | ਮੁਦੱਈ ਮੁਕੱਦਮਾ ਦਾ ਨਾਮ, ਪਤਾ ਅਤੇ ਉਮਰ | ਦੋਸ਼ੀ ਦਾ ਨਾਮ ਅਤੇ ਪਤਾ | ਸੰਖੇਪ ਹਾਲਾਤ |
|---|---|---|---|---|
| 1 | ਮੁਕੱਦਮਾ ਨੰ: 249<br>ਮਿਤੀ:12-12-22<br>ਜੁਰਮ:473, ਆਈ.ਪੀ.ਸੀ.<br>ਥਾਣਾ:- ਸਦਰ ਖਰੜ | ਸ.ਥ. ਕਰਮਬੀਰ ਸਿੰਘ<br>ਥਾਣਾ ਸਦਰ ਖਰੜ<br>88476-19136 | ਪ੍ਰਵੀਨ ਕੁਮਾਰ ਪੁੱਤਰ ਮਹਿੰਦਰ ਸਿੰਘ ਵਾਸੀ ਗੋਹਾਣਾ ਜਿਲਾ ਸੋਨੀਪਤ ਹਰਿਆਣਾ | ਅੱਜ ਮਨ ਸ:ਥ:ਸਮੇਤ ਪੁਲਿਸ ਪਾਰਟੀ ਬਾ-ਸਿਲਸਿਲਾ ਗਸਤ ਬਾ-ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਨੇੜੇ ਨੇੜੇ ਗੁਰੂਦੁਆਰਾ ਸਾਹਿਬ ਪਿੰਡ ਸੰਤੇ ਮਾਜਰਾ ਵਿਖੇ ਮੌਜੂਦ ਸੀ ਤਾਂ ਮੁੱਖਬਰ ਖਾਸ ਨੇ ਇੱਤਲਾਹ ਦਿੱਤੀ ਕਿ ਉਕਤ ਦੋਸ਼ੀ ਇੱਕ ਕਾਰ ਮਾਰਕਾ ਐਸ.ਐਕਸ.4 ਰੰਗ ਚਿੱਟਾ ਤੇ ਜਾਅਲੀ ਨੰਬਰ ਯੂ.ਕੇ-08ਐਮ-4041 ਲਗਾ ਕੇ ਘੁੰਮ ਰਿਹਾ ਹੈ ਜੋ ਕਿਸੇ ਵਾਰਦਾਤ ਨੂੰ ਅੰਜਾਮ ਦੇ ਸਕਦਾ ਹੈ। ਜੇਕਰ ਹੁਣੇ ਹੀ ਸੰਤੇ ਮਾਜਰਾ ਟੀ-ਪੁਆਇੰਟ ਤੇ ਨਾਕਾਬੰਦੀ ਕਰਕੇ ਚੈਕਿੰਗ ਕੀਤੀ ਜਾਵੇ ਤਾਂ ਇਹ ਕਾਰ ਜਾਅਲੀ ਨੰਬਰ ਪਲੇਟ ਸਮੇਤ ਕਾਬੂ ਆ ਸਕਦੀ ਹੈ। ਤੁਰਤ ਨਾਕਾਬੰਦੀ ਕਰਕੇ ਉਕਤ ਦੋਸ਼ੀ ਨੂੰ **ਜਾਅਲੀ ਨੰਬਰ ਪਲੇਟ ਕਾਰ** ਸਮੇਤ ਕਾਬੂ ਕੀਤਾ ਗਿਆ ਜਿਸ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ। |
| 2 | ਮੁਕੱਦਮਾ ਨੰ: 359<br>ਮਿਤੀ:12-12-22<br>ਜੁਰਮ:279,337,338, 427, ਆਈ.ਪੀ.ਸੀ.<br>ਥਾਣਾ:- ਸਿਟੀ ਖਰੜ | ਚੰਦਰ ਪ੍ਰਕਾਸ਼ ਪੁੱਤਰ ਰਾਮਲੋਚਨ ਵਾਸੀ ਮਕਾਨ ਨੰ.4123 ਮਲੋਆ ਕਲੋਨੀ ਚੰਡੀਗੜ੍ਹ<br>ਉਮਰ ਕਰੀਬ 45 ਸਾਲ<br>98550-14166 | ਟੈਂਕਰ ਨੰਬਰ ਪੀ.ਬੀ-29ਐਫ-9200 ਦੇ ਨਾ-ਮਾਲੂਮ ਚਾਲਕ | ਮੁਦੱਈ ਮੁਕੱਦਮਾ ਨੇ ਬਿਆਨ ਕੀਤਾ ਕਿ ਮਿਤੀ 07-10-22 ਨੂੰ ਮੈਂ ਘਰ ਤੋਂ ਆਪਣੇ ਮੋਟਰ ਸਾਈਕਲ ਨੰਬਰੀ ਸੀ.ਐਚ-01ਏ.ਐਫ-1728 ਮਾਰਕਾ ਸਪਲੈਂਡਰ ਪਰ ਸਵਾਰ ਹੋ ਕੇ ਆਪਣੇ ਦੋਸਤ ਨੂੰ ਮਿਲਣ ਲਈ ਖਰੜ ਆ ਰਿਹਾ ਸੀ। ਜਦੋਂ ਮੈਂ ਖਾਨਪੁਰ ਨੇੜੇ ਸ਼ਮਸ਼ਾਨ ਘਾਟ ਪੁੱਜਾ ਤਾਂ ਮੈਂ ਖਰੜ ਮੋਰਿੰਡਾ ਰੋਡ ਸਾਹਮਣੇ ਬਣ ਰਹੇ ਓਵਰਬ੍ਰਿਜ ਦੇ ਸ਼ੁਰੂ ਵਿੱਚ ਹੀ ਮੋਟਰ ਸਾਈਕਲ ਰੋਕ ਕੇ ਉੱਪਰ ਬੈਠਾ ਸੀ ਤਾਂ ਮੋਰਿੰਡਾ ਸਾਈਡ ਤੋਂ ਇੱਕ ਪਾਣੀ ਵਾਲਾ ਟੈਂਕਰ ਨੰਬਰੀ ਪੀ.ਬੀ-29ਐਫ-9200 ਬੜੀ ਤੇਜ਼ ਰਫਤਾਰੀ ਅਤੇ ਅਣਗਹਿਲੀ ਨਾਲ ਆਇਆ ਜਿਸ ਨੇ ਬਿਨਾਂ ਹਾਰਨ ਦਿੱਤੇ ਆਪਣਾ ਟੈਂਕਰ ਇੱਕਦਮ ਮੇਰੇ ਮੋਟਰ ਸਾਈਕਲ ਵਿੱਚ ਮਾਰਿਆ। ਜਿਸ ਕਾਰਨ ਮੈਂ ਡਰਾਈਵਰ ਸਾਈਡ ਦੇ ਹੇਠਾਂ ਫਸ ਗਿਆ ਅਤੇ ਟੈਂਕਰ ਮੈਨੂੰ ਆਪਣੇ ਨਾਲ ਘਸੀਟਦਾ ਹੋਇਆ ਅੱਗੇ ਤੱਕ ਲੈ ਗਿਆ। ਜਿਸ ਕਾਰਨ ਮੇਰੇ ਕਾਫੀ ਜਿਆਦਾ ਸੱਟਾਂ ਲੱਗੀਆਂ। ਰਾਹਗੀਰਾਂ ਨੇ ਮੈਨੂੰ ਇਲਾਜ ਲਈ ਸਿਵਲ ਹਸਪਤਾਲ ਖਰੜ ਵਿਖੇ ਦਾਖਲ ਕਰਵਾਇਆ ਜਿੱਥੇ ਡਾਕਟਰ ਸਾਹਿਬ ਨੇ ਮੈਨੂੰ ਮੁੱਢਲੀ ਸਹਾਇਤਾ ਦੇ ਕੇ ਪੀ.ਜੀ.ਆਈ ਚੰਡੀਗੜ੍ਹ ਰੈਫਰ ਕਰ ਦਿੱਤਾ। ਹੁਣ ਤੱਕ ਉਕਤ ਟੈਂਕਰ ਦੇ ਚਾਲਕ ਨਾਲ ਮੇਰੀ ਰਾਜੀਨਾਮੇ ਦੀ ਗੱਲ ਚਲਦੀ ਰਹੀ ਜੋ ਸਿਰੇ ਨਾ ਚੜ ਸਕੀ। ਜਿਸ ਕਾਰਨ ਉਕਤ ਟੈਂਕਰ ਚਾਲਕ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 3 | ਮੁਕੱਦਮਾ ਨੰ:360<br>ਮਿਤੀ:12-12-22<br>ਜੁਰਮ:379,411, ਆਈ.ਪੀ.ਸੀ.<br>ਥਾਣਾ:- ਸਿਟੀ ਖਰੜ | ਸ.ਥ. ਲਖਵਿੰਦਰ ਸਿੰਘ<br>ਥਾਣਾ ਸਿਟੀ ਖਰੜ<br>98774-82194 | ਕੁਲਵਿੰਦਰ ਸਿੰਘ ਪੁੱਤਰ ਗੁਰਦੀਪ ਸਿੰਘ ਵਾਸੀ ਪਿੰਡ ਬੱਤਾ ਥਾਣਾ ਸਦਰ ਖਰੜ | ਅੱਜ ਮਨ ਸ:ਥ:ਸਮੇਤ ਪੁਲਿਸ ਪਾਰਟੀ ਬਾ-ਸਿਲਸਿਲਾ ਗਸਤ ਬਾ-ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਨੇੜੇ ਕ੍ਰਿਸਚਨ ਸਕੂਲ ਚੰਡੀਗੜ੍ਹ ਰੋਡ ਮੌਜੂਦ ਸੀ ਤਾਂ ਮੁੱਖਬਰ ਖਾਸ ਨੇ ਇੱਤਲਾਹ ਦਿੱਤੀ ਕਿ ਉਕਤ ਦੋਸ਼ੀ ਜੋ ਚੋਰੀਆਂ ਕਰਨ ਦਾ ਆਦਿ ਹੈ। ਜੋ ਕਿ ਇਸ ਸਮੇਂ ਚੋਰੀ ਦੇ ਮੋਟਰ ਸਾਈਕਲ ਨੰਬਰੀ ਯੂ.ਪੀ-14ਈ.ਐਲ-5293 ਪਰ ਸਵਾਰ ਹੋ ਕੇ ਚੰਡੀਗੜ੍ਹ ਦੀ ਤਰਫੋਂ ਆ ਰਿਹਾ ਹੈ। ਜੇਕਰ ਹੁਣੇ ਨਾਕਾਬੰਦੀ ਕਰਕੇ ਕਾਬੂ ਕੀਤਾ ਜਾਵੇ ਤਾਂ ਉਸ ਪਾਸੋਂ ਚੋਰੀ ਦੇ ਵਹੀਕਲ ਬਰਾਮਦ ਕੀਤੇ ਜਾ ਸਕਦੇ ਹਨ। ਉਕਤ ਦੋਸ਼ੀ ਨੂੰ ਤੁਰੰਤ ਨਾਕਾਬੰਦੀ ਕਰਕੇ ਕਾਬੂ ਕੀਤਾ ਗਿਆ ਜਿਸ ਪਾਸੋਂ **ਚੋਰੀਸ਼ੁਦਾ ਮੋਟਰ ਸਾਈਕਲ** ਬਰਾਮਦ ਹੋਇਆ। |

| | | | | |
|---|---|---|---|---|
| 4 | ਮੁਕੱਦਮਾ ਨੰ:361<br>ਮਿਤੀ:12-12-22<br>ਜੁਰਮ:406,420, 120ਬੀ, ਆਈ.ਪੀ.ਸੀ.<br>ਥਾਣਾ:- ਸਿਟੀ ਖਰੜ | ਨੇਹਾ ਗੁਪਤਾ ਪਤਨੀ ਨਿਤਿਨ ਜਿੰਦਲ ਵਾਸੀ ਮਕਾਨ ਨੰ.81 ਸੈਕ:04ਡੀ ਸ਼ਾਸ਼ਤਰੀ ਨਗਰ ਮੰਡੀ ਗੋਬਿੰਦਗੜ ਜਿਲਾ ਫਤਹਿਗੜ੍ਹ ਸਾਹਿਬ 97803-00070 | 1) ਗੁਰਪ੍ਰੀਤ ਰੰਧਾਵਾ<br>2) ਕਮਲਜੀਤ ਕੌਂਰ ਰੰਧਾਵਾ ਵਾਸੀਆਨ ਮਕਾਨ ਨੰ.1116/2 ਨਿਰਵਾਣਾ ਗਰੀਨ-4 ਖਰੜ | ਮੁਦੱਈ ਮੁਕੱਦਮਾ ਨੇ ਇਕ ਦਰਖਾਸਤ ਨੰਬਰੀ 2202/ਐਸ/ਐਸ ਐਸ ਪੀ/ਐਸ ਏ ਐਸ ਨਗਰ ਮਿਤੀ 22-02-22 ਨੂੰ ਦਿੱਤੀ ਸੀ। ਜਿਸ ਵਿੱਚ ਮੁੱਦਈ ਮੁਕੱਦਮਾ ਨੇ ਦੱਸਿਆ ਕਿ ਸਾਡਾ ਸਾਰਾ ਪਰਿਵਾਰ ਵਿਦੇਸ਼ ਜਾਣ ਦਾ ਚਾਹਵਾਨ ਸੀ ਤਾਂ ਅਸੀਂ ਇੰਟਰਨੈਂਟ ਰਾਹੀਂ ਐਮ.ਐਸ.ਬਲਿਯੂ ਸਫਾਇਰ ਐਜੂਕੇਸ਼ਨ ਕੰਸਲਟੈਂਟ ਸੈਕ:34ਏ ਚੰਡੀਗੜ੍ਹ ਦੇ ਦਫਤਰ ਉਕਤ ਦੋਸ਼ੀਆਨ ਨਾਲ ਮੁਲਾਕਾਤ ਕੀਤੀ ਜਿਹਨਾਂ ਨੇ ਸਾਨੂੰ ਵਿਦੇਸ਼ ਭੇਜਣ ਲਈ ਕੁੱਲ 37ਲੱਖ 50 ਹਜ਼ਾਰ ਰੁਪਏ ਲੈ ਲਏ। ਪਰ ਉਕਤਾਨ ਨੇ ਨਾ ਸਾਨੂੰ ਵਿਦੇਸ਼ ਭੇਜਿਆ ਅਤੇ ਨਾ ਹੀ ਸਾਡੇ ਪੈਸੇ ਵਾਪਿਸ ਕੀਤੇ। ਇਸ ਤਰਾਂ ਇਹਨਾਂ ਨੇ ਸਾਡੇ ਜਾਣਾਕਰ ਮਨਜੀਤ ਸਿੰਘ ਤੋਂ 23 ਲੱਖ 70 ਹਜਾਰ ਰੁਪਏ, ਚੰਨਪ੍ਰੀਤ ਸਿੰਘ ਤੋਂ 23ਲੱਖ70 ਹਜ਼ਾਰ ਰੁਪਏ ਅਤੇ ਗਿਰੀਸ਼ ਗੁਪਤਾ ਤੋਂ 20 ਲੱਖ ਰੁਪਏ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਧੋਖਾਧੜੀ ਕੀਤੀ ਹੈ। ਦਰਖਾਸਤ ਦੀ ਪੜਤਾਲ ਕਪਤਾਨ ਪੁਲਿਸ ਦਿਹਾਤੀ ਸਾਹਿਬ ਵੱਲੋਂ ਕੀਤੀ ਗਈ। ਬਾਅਦ ਵਿੱਚ ਮਾਨਯੋਗ ਐਸ.ਐਸ.ਪੀ. ਸਾਹਿਬ ਨੇ ਮੁਕੱਦਮਾ ਦਰਜ ਕਰਨ ਦਾ ਹੁਕਮ ਦਿੱਤਾ। |